B-16

**ਦਫ਼ਤਰ : ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ, ਮਾਨਸਾ।**

ਟੈਲੀਫੋਨ/ਫੈਕਸ ਨੰ: 01652-232119 Email ID :- xen.mansa@gmail.com

ਪੱਤਰ ਨੰ. 474 ਮਿਤੀ 26/04/2024

ਵੱਲ,

Principal,
Greenland Day Boarding Public School,
Bareta (Mansa).

ਵਿਸ਼ਾ: ਸ਼ੈਸ਼ਨ 2024-25 ਲਈ ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।

ਹਵਾਲਾ: ਆਪ ਦਾ ਰੈਫ ਨੰ. 1850/2024 ਮਿਤੀ 05/04/2024 ਦੇ ਸਬੰਧ ਵਿੱਚ।

ਤੁਹਾਡੇ ਸਕੂਲ ਬਿਲਡਿੰਗ ਦੀ ਉਪ ਮੰਡਲ ਇੰਜੀਨੀਅਰ ਦੇ ਦਫਤਰ ਵੱਲੋਂ ਵਿਜ਼ੂਅਲੀ ਇੰਸਪੈਕਸ਼ਨ ਕੀਤੀ ਗਈ ਅਤੇ ਉਹਨਾਂ ਦੀ ਰਿਪੋਰਟ/ਸ਼ਿਫਾਰਿਸ਼ ਅਨੁਸਾਰ ਨਿਮਨਲਿਖਤ ਨਿਰੀਖਣਾਂ ਅਤੇ ਸ਼ਰਤਾਂ ਅਧੀਨ ਸਾਲ 2024-25 ਦਾ ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਮਿਤੀ 31/03/2025 ਤੱਕ ਜਾਰੀ ਕੀਤਾ ਜਾਂਦਾ ਹੈ:-

1) ਸ੍ਰੀ ਮਨੀਸ਼ ਕੁਮਾਰ ਜਿੰਦਲ ਵੱਲੋਂ ਮਿਤੀ 01-04-2024 ਨੂੰ ਸਟਰੱਕਚਰ ਸੁਰੱਖਿਆ ਸਰਟੀਫਿਕੇਟ ਦਿੱਤਾ ਗਿਆ ਹੈ ਅਤੇ ਉਹਨਾਂ ਦੇ ਸਰਟੀਫਿਕੇਟ ਅਨੁਸਾਰ ਸਕੂਲ ਸੈਸ਼ਨ 2024-25 ਲਈ ਵਰਤੋਂ ਲਈ ਸੁਰੱਖਿਅਤ ਹੈ, ਪਰੰਤੂ ਇਸ ਸਕੂਲ ਦਾ ਨਿਰਮਾਣ ਇਸ ਵਿਭਾਗ ਵੱਲੋਂ ਨਹੀਂ ਕੀਤਾ ਗਿਆ ਹੈ, ਇਸ ਲਈ ਇਸ ਵਿਭਾਗ ਦੁਆਰਾ ਸਕੂਲ ਦੇ ਸਟਰੱਕਚਰ ਦੀ ਸੇਫਟੀ ਖਾਸ ਕਰਕੇ ਭੂਚਾਲ ਦੇ ਦ੍ਰਿਸ਼ਟੀਕੋਣ ਤੋਂ ਯਕੀਨੀ ਨਹੀਂ ਬਣਾਈ ਜਾ ਸਕਦੀ ਹੈ।
2) ਜੇਕਰ ਸਕੂਲ ਵੱਲੋਂ ਇਸ ਇਮਾਰਤ ਵਿੱਚ ਕੋਈ ਵਾਧਾ, ਤਬਦੀਲੀ, ਵਿਸਤਾਰ ਅਤੇ ਸੋਧ ਦੀ ਲੋੜ ਹੈ ਜਾਂ ਕੀਤੇ ਜਾਣੇ ਹਨ ਤਾਂ ਇਸ ਦਫਤਰ ਦੀ ਤੁਰੰਤ ਜਾਂਚ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ ਅਤੇ ਉਸ ਹਿੱਸੇ ਨੂੰ ਮੁਕੰਮਲ ਕਰਕੇ ਉਸ ਦਾ ਸੇਫਟੀ ਸਰਟੀਫਿਕੇਟ ਇਸ ਦਫਤਰ ਪਾਸੋਂ ਫਿਰ ਤੋਂ ਲਿਆ ਜਾਵੇ।
3) ਜੇਕਰ ਬਿਲਡਿੰਗ ਦੀਆਂ ਕੰਧਾ, ਨੀਹਾਂ ਅਤੇ ਛੱਤਾਂ ਕੁਦਰਤੀ ਆਫਤ ਜਾਂ ਕਿਸੇ ਹੋਰ ਕਾਰਨ ਕਰਕੇ ਬੈਠ ਜਾਣ ਤਾਂ ਇਸ ਸੂਰਤ ਵਿੱਚ ਸਕੂਲ ਵੱਲੋਂ ਇਸ ਦਫਤਰ ਨੂੰ ਤੁਰੰਤ ਬਿਲਡਿੰਗ ਦੀ ਹਾਲਤ ਬਾਰੇ ਸੂਚਿਤ ਕੀਤਾ ਜਾਵੇ ਅਤੇ ਨਿਰੀਖਣ ਕਰਵਾਉਣ ਉਪਰੰਤ ਹੀ ਬਿਲਡਿੰਗ ਨੂੰ ਵਰਤੋਂ ਵਿੱਚ ਲਿਆ ਜਾਵੇ।
4) ਸਬੰਧਤ ਵਿਭਾਗ ਤੋਂ ਵੱਖਰੇ ਤੌਰ ਤੇ ਫਾਇਰ ਸੇਫਟੀ ਅਤੇ ਬਿਜਲੀ ਸੇਫਟੀ ਸਰਟੀਫਿਕੇਟ ਪ੍ਰਾਪਤ ਕੀਤਾ ਜਾਵੇ।
5) ਸਕੂਲ ਬਿਲਡਿੰਗ ਦੀ ਸੇਫਟੀ ਨੂੰ ਮੁੱਖ ਰੱਖਦੇ ਹੋਏ ਬਿਲਡਿੰਗ ਦੀ ਰਿਪੇਅਰ ਕਰਵਾਉਣ ਦੀ ਜਿੰਮੇਵਾਰੀ ਸਕੂਲ ਪ੍ਰਬੰਧਨ ਦੀ ਹੈ। ਇਸ ਰਿਪੋਰਟ ਦੇ ਬਾਵਜੂਦ ਸਕੂਲ ਪ੍ਰਬੰਧਨ ਸਾਰੇ ਪੱਖਾਂ ਤੋਂ ਬਿਲਡਿੰਗ ਦੀ ਸੁਰੱਖਿਆ ਲਈ ਜ਼ਿੰਮੇਵਾਰ ਹੈ।
6) ਸਕੂਲ ਕੋਲ ਕਿਸੇ ਅਣਸੁਖਾਵੀਂ ਆਪਦਾ ਨਾਲ ਨਜਿੱਠਣ ਲਈ ਯੋਜਨਾ ਹੋਣੀ ਚਾਹੀਦੀ ਹੈ, ਜਿਸ ਵਿੱਚ ਐਮਰਜੈਂਸੀ ਦੌਰਾਨ ਬੱਚਿਆਂ ਨੂੰ ਬਿਲਡਿੰਗ ਵਿਚੋਂ ਸੁਰਖਿਅਤ ਬਾਹਰ ਕੱਢਣਾ ਅਤੇ ਸਬੰਧਤ ਵਿਭਾਗ ਨਾਲ ਤਾਲਮੇਲ ਕਰਨ ਦੀ ਯੋਜਨਾ ਹੋਣੀ ਚਾਹੀਂਦੀ ਹੈ। ਸਕੂਲ ਨੂੰ ਇਸ ਯੋਜਨਾ ਦੀ ਪ੍ਰਭਾਵਸ਼ੀਲਤਾ ਨੂੰ ਯਕੀਨੀ ਬਣਾਉਣ ਲਈ ਨਿਯਮਿਤ ਤੌਰ 'ਤੇ ਸਮੀਖਿਆ ਅਤੇ ਅੱਪਡੇਟ ਕਰਦੇ ਰਹਿਣਾ ਚਾਹੀਂਦਾ ਹੈ।
7) ਸਕੂਲ ਨੂੰ ਸਟਾਫ਼ ਮੈਂਬਰਾਂ ਨੂੰ ਉਚਿਤ ਸੁਰੱਖਿਆ ਸਿਖਲਾਈ ਪ੍ਰਦਾਨ ਕਰਨੀ ਚਾਹੀਦੀ ਹੈ, ਜਿਸ ਵਿੱਚ ਐਮਰਜੈਂਸੀ, ਫਸਟ ਏਡ ਅਤੇ ਨਿਕਾਸੀ ਪ੍ਰੋਟੋਕੋਲ ਨੂੰ ਸੰਭਾਲਣ ਦੀਆਂ ਪ੍ਰਕਿਰਿਆਵਾਂ ਵੀ ਸ਼ਾਮਲ ਹਨ।
8) ਸਕੂਲ ਦੇ ਕਵਰਡ ਏਰੀਏ ਦੇ ਹਿਸਾਬ ਨਾਲ ਜੀ.ਆਰ ਨੰ. 2843924 ਮਿਤੀ: 26-04-2024 ਰਾਹੀਂ ਦਸ ਹਜ਼ਾਰ ਰੁਪਏ (10,000/-) ਬਿਲਡਿੰਗ ਨਿਰੀਖਣ ਫੀਸ ਵਜੋਂ ਪ੍ਰਾਪਤ ਕੀਤੇ।
9) ਇਹ ਰਿਪੋਰਟ ਕਾਨੂੰਨੀ ਉਦੇਸ਼ ਲਈ ਵੈਲਿਡ ਨਹੀਂ ਹੈ।

ਨੱਥੀ: ਕੇਸ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਭ ਤੇ ਮ ਸ਼ਾਖਾ,
ਮਾਨਸਾ।

ਪਿੱਠ ਅੰਕਣ ਨੰ. 475 ਮਿਤੀ 26/04/2024

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ, ਭਤੇਮ ਸ਼ਾਖਾ, ਬੁਢਲਾਡਾ ਨੂੰ ਉਹਨਾਂ ਦੇ ਪੱਤਰ ਨੰ. 41 ਮਿਤੀ 26/04/2024 ਦੇ ਸਬੰਧ ਵਿੱਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਦੀ ਸਿਫਾਰਿਸ਼ ਨੂੰ ਮੁੱਖ ਰੱਖਦੇ ਹੋਏ ਉਕਤ ਸਕੂਲ ਨੂੰ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਭ ਤੇ ਮ ਸ਼ਾਖਾ,
ਮਾਨਸਾ।